## ਪਾਠ 3
## ਸੂਚਨਾ ਟੈਕਨੋਲੋਜੀ ਨਾਲ ਜਾਣ ਪਛਾਣ

### ਪ੍ਰਸ਼ਨ:1 ਖਾਲੀ ਥਾਵਾਂ ਭਰੋ:

1. ________ ਤੋਂ ਭਾਵ ਹੈ ਸਾਡਾ ਕੰਪਿਊਟਰ ਇੰਟਰਨੈਟ ਤੋਂ ਡਾਟਾ ਪ੍ਰਾਪਤ ਕਰ ਰਿਹਾ ਹੈ।
ੳ. ਅਪਲੋਡਿੰਗ (Uploading) ਅ. ਡਾਊਨਲੋਡਿੰਗ (Downloading) ੲ. ਸਰਫਿੰਗ (Surfing) ਸ. ਇਹਨਾਂ ਵਿਚੋਂ ਕੋਈ ਨਹੀਂ

2. ਵੈੱਬ ਸਾਈਟ ਨੂੰ ਖੋਲਣ ਸਮੇਂ ਉਸ ਵੈਬਸਾਈਟ ਦਾ ਜੋ ਸਭ ਤੋਂ ਪਹਿਲਾ ਵੈਬ ਪੇਜ਼ ਖੁੱਲਦਾ ਹੈ, ਉਸਨੂੰ ____________ ਕਿਹਾ ਜਾਂਦਾ ਹੈ।
ੳ. ਹੋਮ ਪੇਜ਼ (Home Page) ਅ. ਵੈਬ ਪੇਜ਼ (Web Page) ੲ. ਮੇਨ ਪੇਜ਼ (Main Page) ਸ. ਇਹਨਾਂ ਵਿਚੋਂ ਕੋਈ ਨਹੀਂ

3. ________ ਦਾ ਅਰਥ ਹੈ ਇੰਟਰਨੈਟ ਨਾਲ ਜੁੜੇ ਹੋਣਾ।
ੳ. ਆਫਲਾਈਨ (Offline) ਅ. ਆਨਲਾਈਨ (Online) ੲ. ਇਨਲਾਈਨ (Inline) ਸ. ਇਹਨਾਂ ਵਿਚੋਂ ਕੋਈ ਨਹੀਂ

4. _____ ਤੋਂ ਭਾਵ ਹੈ ਇੰਟਰਨੈਟ ਉੱਤੇ ਆਪਣੇ ਮਨਪਸੰਦ ਵਿਸ਼ੇ ਨੂੰ ਲੱਭਦੇ ਹੋਏ ਇੱਕ ਵੈਬ ਪੇਜ਼ ਤੋਂ ਦੂਜੇ ਵੈਬ ਪੇਜ਼ ਤੇ ਜਾਂ ਇੱਕ ਵੈਬ ਸਾਈਟ ਤੋਂ ਦੂਜੀ ਵੈਬ ਸਾਈਟ ਤੇ ਜਾਣਾ।
ੳ. ਵੈਬ ਸਰਚਿੰਗ (Web Searching) ਅ. ਡਾਊਨਲੋਡਿੰਗ (Downloading) ੲ. ਵੈਬ ਸਰਫਿੰਗ ਸ. ਉਪਰੋਕਤ ਸਾਰੇ

5. _________ ਇਲੈਕਟ੍ਰਾਨਿਕ ਕਾਮਰਸ (Commerce) ਜਾਂ ਵਪਾਰ ਕਰਨ ਦਾ ਇੱਕ ਤਰੀਕਾ ਹੈ ਜੋ ਕਿ ਯੂਜ਼ਰ ਨੂੰ ਇੰਟਰਨੈਟ ਤੇ ਵੈਬ ਬ੍ਰਾਊਜ਼ਰ ਦੀ ਵਰਤੋਂ ਕਰਦੇ ਹੋਏ ਚੀਜਾਂ ਜਾਂ ਸੇਵਾਵਾਂ ਖਰੀਦਣ ਦੀ ਸੁਵਿਧਾ ਪ੍ਰਦਾਨ ਕਰਦਾ ਹੈ।.
ੳ. ਨੈਟ ਬੈਂਕਿੰਗ (Net Banking) ਅ. ਈ-ਮੇਲ (E-Mail) ੲ. ਆਨਲਾਈਨ ਸ਼ਾਪਿੰਗ ਸ. ਮੋਬਾਈਲ (Mobile)

### ਪ੍ਰਸ਼ਨ:2 ਸਹੀ ਜਾਂ ਗਲਤ ਲਿਖੋ

1. ਕਿਸੇ ਵੀ ਬੋਰਡ ਜਾਂ ਯੂਨੀਵਰਸਿਟੀ ਦਾ ਰਿਜ਼ਲਟ ਆਨਲਾਈਨ ਦੇਖਿਆ ਜਾ ਸਕਦਾ ਹੈ। (ਸਹੀ)
2. ਆਫਲਾਈਨ ਦਾ ਅਰਥ ਹੈ, ਇੰਟਰਨੈਟ ਨਾਲ ਜੁੜੇ ਹੋਣਾ। (ਗਲਤ)
3. ਵੈਬਸਾਈਟ ਵਿੱਚ ਕੇਵਲ ਇੱਕ ਹੀ ਵੈਬ ਪੇਜ਼ ਹੁੰਦਾ ਹੈ। (ਗਲਤ)
4. ਵੈਬ ਸਰਚ ਵੈਬ ਪੇਜਾਂ ਨੂੰ ਲੱਭਣ ਦੀ ਇੱਕ ਪ੍ਰਕਿਰਿਆ ਹੈ। (ਸਹੀ)
5. ਹਰ ਵੈੱਬ ਸਾਈਟ ਦਾ ਆਪਣਾ ਇੱਕ ਵਿਲੱਖਣ ਵੈਬ ਐਡਰੈਸ ਹੁੰਦਾ ਹੈ। (ਸਹੀ)

### ਪ੍ਰਸ਼ਨ:3 ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1. ਇਨਫਾਰਮੇਸ਼ਨ ਟੈਕਨੋਲੋਜੀ (ਸੂਚਨਾ ਤਕਨੀਕ) ਕੀ ਹੈ?**

ਉ: ਇਨਫਾਰਮੇਸ਼ਨ ਟੈਕਨੋਲੋਜੀ ਨੂੰ IT ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਟੈਕਨੋਲੋਜੀ ਕੰਪਿਊਟਰ ਹਾਰਡਵੇਅਰ ਅਤੇ ਸਾਫਟਵੇਅਰ ਨਾਲ ਸੰਬੰਧਤ ਹੈ। ਇਸਦੀ ਵਰਤੋਂ ਸੂਚਨਾਵਾਂ ਨੂੰ ਪ੍ਰੋਸੈਸ ਕਰਨ, ਸਟੋਰ ਕਰਨ ਅਤੇ ਟ੍ਰਾਂਸਫਰ ਕਰਨ ਲਈ ਕੀਤੀ ਜਾਂਦੀ ਹੈ। ਕਿਸੇ ਵੀ ਦੇਸ਼ ਦੀ ਤਰੱਕੀ ਵਿਚ ਇਨਫਾਰਮੇਸ਼ਨ ਟੈਕਨੋਲੋਜੀ ਦਾ ਵੱਡਾ ਯੋਗਦਾਨ ਹੁੰਦਾ ਹੈ।

**ਪ੍ਰ:2 ਵੈਬਸਾਈਟ ਕੀ ਹੁੰਦੀ ਹੈ?**

ਉ: ਵੈਬਸਾਈਟ ਇਕ ਜਾਂ ਇਕ ਤੋਂ ਜਿਆਦਾ ਵੈਬ ਪੇਜਾਂ ਦਾ ਸਮੂਹ ਹੁੰਦੀ ਹੈ। ਵੈਬਸਾਈਟ ਦੇ ਪੇਜ਼ ਆਪਸ ਵਿਚ ਹਾਈਪਰਲਿੰਕਸ ਦੀ ਸਹਾਇਤਾ ਨਾਲ ਲਿੰਕ ਕੀਤੇ ਹੁੰਦੇ ਹਨ। ਹਰੇਕ ਵੈਬਪੇਜ਼ ਜਾਂ ਵੈਬਸਾਈਟ ਦਾ ਇਕ ਵਿਲੱਖਣ ਐਡਰੈਸ ਹੁੰਦਾ ਹੈ ਜਿਸਨੂੰ URL ਕਿਹਾ ਜਾਂਦਾ ਹੈ। ਕਿਸੇ ਵੀ ਵੈਬਸਾਈਟ ਦੇ ਸਭ ਤੋਂ ਪਹਿਲੇ ਵੈਬਪੇਜ਼ ਨੂੰ ਹੋਮ ਪੇਜ਼ ਕਿਹਾ ਜਾਂਦਾ ਹੈ। ਵੈਬਸਾਈਟ/ਵੈਬਪੇਜ਼ ਖੋਲਣ ਲਈ ਸਾਨੂੰ ਵੈਬ ਬ੍ਰਾਊਜ਼ਰਾਂ ਦੀ ਵਰਤੋਂ ਕਰਨੀ ਪੈਂਦੀ ਹੈ।

**ਪ੍ਰ:3 ਸਰਚਿੰਗ ਕੀ ਹੁੰਦੀ ਹੈ?**

ਉ: ਸਰਚਿੰਗ ਦਾ ਅਰਥ ਹੈ ਕੁੱਝ ਲੱਭਣਾ। ਇੰਟਰਨੈਟ ਉਪਰ ਸਰਚਿੰਗ ਉਸ ਸਮੇਂ ਕੀਤੀ ਜਾਂਦੀ ਹੈ ਜਦੋਂ ਸਾਨੂੰ ਸਰਚ ਕੀਤੀ ਜਾਣ ਵਾਲੀ ਜਾਣਕਾਰੀ ਦੇ ਵੈਬ ਪੇਜਾਂ ਦਾ URL ਨਹੀਂ ਪਤਾ ਹੁੰਦਾ। ਵਰਲਡ ਵਾਈਡ ਵੈਬ ਉਪਰ ਸਰਚਿੰਗ ਲਈ ਸਰਚ ਇੰਜਣਾਂ ਦੀ ਵਰਤੋਂ ਕੀਤੀ ਜਾਂਦੀ ਹੈ। GOOGLE ਅਤੇ BING ਸਭ ਤੋਂ ਵੱਧ ਵਰਤੇ ਜਾਣ ਵਾਲੇ ਮਸ਼ਹੂਰ ਸਰਚ ਇੰਜਣ ਹਨ।

**ਪ੍ਰ:4 ਆਨਲਾਈਨ ਅਤੇ ਆਫਲਾਈਨ ਬਾਰੇ ਦੱਸੋ।**

ਉ: ਆਨਲਾਈਨ ਅਤੇ ਆਫਲਾਈਨ ਇੰਟਰਨੈਟ ਨਾਲ ਸੰਬੰਧਤ ਤਕਨੀਕੀ ਸ਼ਬਦ ਹਨ। ਇਹਨਾਂ ਸੰਬੰਧੀ ਜਾਣਕਾਰੀ ਹੇਠਾਂ ਦਿੱਤੀ ਗਈ ਹੈ:

| ਆਨਲਾਈਨ | ਆਫਲਾਈਨ |
|---|---|
| 1) ਆਨਲਾਈਨ ਦਾ ਅਰਥ ਹੈ ਇੰਟਰਨੈਟ ਨਾਲ ਜੁੜੇ ਹੋਣਾ।<br>2) ਜਦੋਂ ਅਸੀਂ ਆਨਲਾਈਨ ਹੁੰਦੇ ਹਾਂ ਤਾਂ ਅਸੀਂ ਵੈਬ ਸਰਵਰ ਉਪਰ ਮੋਜੂਦ ਫਾਈਲਾਂ ਉਪਰ ਕੰਮ ਕਰ ਰਹੇ ਹੁੰਦੇ ਹਾਂ। | 1) ਆਫਲਾਈਨ ਦਾ ਅਰਥ ਹੈ ਇੰਟਰਨੈਟ ਨਾਲ ਜੁੜੇ ਨਾ ਹੋਣਾ।<br>2) ਜਦੋਂ ਅਸੀਂ ਆਫਲਾਈਨ ਹੁੰਦੇ ਹਾਂ ਤਾਂ ਅਸੀਂ ਆਪਣੇ ਕੰਪਿਊਟਰ ਉਪਰ ਮੋਜੂਦ ਫਾਈਲਾਂ ਉਪਰ ਕੰਮ ਕਰ ਰਹੇ ਹੁੰਦੇ ਹਾਂ। |

### ਪ੍ਰਸ਼ਨ:4 ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰ:1 ਇਨਫਾਰਮੇਸ਼ਨ ਟੈਕਨੋਲੋਜੀ ਦੀ ਜਰੂਰਤ ਦੀ ਵਿਆਖਿਆ ਕਰੋ।**


ਉ: ਵੱਖ-ਵੱਖ ਖੇਤਰਾਂ ਵਿਚ ਇਨਫਾਰਮੇਸ਼ਨ ਟੈਕਨੋਲੋਜੀ ਦੀ ਜਰੂਰਤ ਦੀ ਵਿਆਖਿਆ ਇਸ ਪ੍ਰਕਾਰ ਹੈ:

1. ਵਪਾਰ ਅਤੇ ਉਦਯੋਗਾਂ ਵਿਚ: ਵਪਾਰ ਅਤੇ ਉਦਯੋਗਾਂ ਵਿਚ ਕੰਮਕਾਜ ਨੂੰ ਸੋਖਾ ਕਰਨ ਲਈ ਇਨਫਾਰਮੇਸ਼ਨ ਟੈਕਨੋਲੋਜੀ ਦੀ ਵਰਤੋਂ ਕੀਤੀ ਜਾਂਦੀ ਹੈ।
2. ਘਰਾਂ ਵਿਚ: ਘਰਾਂ ਵਿਚ ਇਨਫਾਰਮੇਸ਼ਨ ਟੈਕਨੋਲੋਜੀ ਦੀ ਵਰਤੋਂ ਸੰਚਾਰ, ਸਿੱਖਿਆ ਅਤੇ ਮਨੋਰੰਜਨ ਦੇ ਕੰਮਾਂ ਲਈ ਕੀਤੀ ਜਾਂਦੀ ਹੈ।
3. ਸਿਖਲਾਈ ਲਈ: ਇਨਫਾਰਮੇਸ਼ਨ ਟੈਕਨੋਲੋਜੀ ਦੀ ਵਰਤੋਂ ਗਿਆਨ ਹਾਸਿਲ ਕਰਨ ਲਈ ਅਤੇ ਵੱਖ-ਵੱਖ ਖੇਤਰਾਂ ਵਿਚ ਸਿਖਲਾਈ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ।

**ਪ੍ਰ:2 ਆਨਲਾਈਨ ਰਿਜ਼ਲਟ ਦੇਖਣ ਦੇ ਸਟੈਪ ਲਿਖੋ।**

ੳ: ਆਨਲਾਈਨ ਰਿਜ਼ਲਟ ਦੇਖਣ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:

1. ਸਭ ਤੋਂ ਪਹਿਲਾਂ ਕੋਈ ਵੀ ਵੈਬ ਬ੍ਰਾਊਜ਼ਰ ਓਪਨ ਕਰੋ।
2. ਐਡਰੈਸ ਬਾਰ ਵਿਚ ਰਿਜ਼ਲਟ ਦੇਖਣ ਵਾਲੀ ਵੈਬਸਾਈਟ ਦਾ ਐਡਰੈਸ (URL) ਟਾਈਪ ਕਰੋ ਅਤੇ ਐਂਟਰ ਕੀਅ ਦਬਾਓ।
3. ਹੁਣ ਉਸ ਜਮਾਤ ਅਤੇ ਸੈਸ਼ਨ ਦੀ ਚੋਣ ਕਰੋ ਜਿਸਦਾ ਰਿਜ਼ਲਟ ਦੇਖਣਾ ਹੈ।
4. ਪੁੱਛੀ ਗਈ ਜਾਣਕਾਰੀ – ਵਿਦਿਆਰਥੀ ਦਾ ਰੋਲ ਨੰ ਜਾਂ ਨਾਂ ਆਦਿ ਟਾਈਪ ਕਰੋ।




5. ਸਰਚ ਰਿਜ਼ਲਟ ਬਟਨ ਉਪਰ ਕਲਿੱਕ ਕਰੋ।

**ਪ੍ਰ:3 ਮੋਬਾਈਲ ਟੈਕਨੋਲੋਜੀ ਉੱਪਰ ਨੋਟ ਲਿਖੋ।**

ੳ: ਮੋਬਾਈਲ ਟੈਕਨੋਲੋਜੀ ਇਕ ਪੋਰਟੇਬਲ ਟੈਕਨੋਲੋਜੀ ਹੈ। ਇਹ ਟੈਕਨੋਲੋਜੀ ਇਨਫਾਰਮੇਸ਼ਨ ਟੈਕਨੋਲੋਜੀ ਦਾ ਹੀ ਇਕ ਭਾਗ ਹੈ। ਇਸ ਟੈਕਨੋਲੋਜੀ ਦੀ ਵਰਤੋਂ ਕਾਰਨ ਹੀ ਸੰਸਾਰ ਦੇ ਦੂਰ ਦੁਰਾਡੇ ਇਲਕਿਆਂ ਨਾਲ ਸੰਚਾਰ ਕਰਨਾ ਸੰਭਵ ਹੋ ਸਕਿਆ ਹੈ। ਇਸ ਟੈਕਨੋਲੋਜੀ ਨੇ ਸੰਚਾਰ ਦਾ ਚਿਹਰਾ ਪੂਰੀ ਤਰ੍ਹਾਂ ਬਦਲ ਕੇ ਰੱਖ ਦਿਤਾ ਹੈ। ਮੋਬਾਈਲ ਟੈਕਨੋਲੋਜੀ ਦੇ ਕੁੱਝ ਮਹੱਤਵਪੂਰਣ ਉਪਯੋਗ ਹੇਠ ਲਿਖੇ ਅਨੁਸਾਰ ਹਨ:

1. ਸਿੱਖਿਆ
2. ਸਰਵੇਖਣ ਅਤੇ ਚੋਣਾਂ
3. ਬੈਂਕਿੰਗ
4. ਡਾਟਾ ਦਾ ਵਿਸ਼ਲੇਸ਼ਣ

**ਪ੍ਰ:4 ਆਨਲਾਈਨ ਸ਼ਾਪਿੰਗ ਬਾਰੇ ਤੁਸੀਂ ਕੀ ਜਾਣਦੇ ਹੋ? ਵਿਸਥਾਰ ਨਾਲ ਦਸੋ।**

ੳ: ਆਨਲਾਈਨ ਸ਼ਾਪਿੰਗ ਈ-ਕਾਮਰਸ ਦਾ ਇਕ ਰੂਪ ਹੈ। ਆਨਲਾਈਨ ਸ਼ਾਪਿੰਗ ਵਿਚ ਅਸੀਂ ਇੰਟਰਨੈਟ ਦੀ ਵਰਤੋਂ ਕਰਦੇ ਹੋਏ ਘਰ ਬੈਠੇ ਹੀ ਚੀਜਾਂ ਅਤੇ ਸੇਵਾਵਾਂ ਖਰੀਦ ਸਕਦੇ ਹਾਂ। ਅਸੀਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠੇ ਕਿਸੇ ਵੀ ਸਮੇਂ ਆਨਲਾਈਨ ਸ਼ਾਪਿੰਗ ਕਰ ਸਕਦੇ ਹਾਂ। ਆਨਲਾਈਨ ਸ਼ਾਪਿੰਗ ਵਿਚ ਅਸੀਂ ਆਪਣੀ ਖਰੀਦਦਾਰੀ ਦੇ ਬਿੱਲ ਦਾ ਭੁਗਤਾਨ ਕਰਨ ਲਈ ਕ੍ਰੈਡਿਟ ਜਾਂ ਡੈਬਿਟ ਕਾਰਡ ਜਾਂ ਨੈਟਬੈਂਕਿੰਗ ਆਦਿ ਦੀ ਵਰਤੋਂ ਕਰ ਸਕਦੇ ਹਾਂ। ਖਰੀਦੀ ਗਈ ਚੀਜ਼ ਵਪਾਰੀ ਵਲੋਂ ਆਪਣੇ ਆਪ ਸਾਡੇ ਘਰ ਪਹੁੰਚਾ ਦਿਤੀ ਜਾਂਦੀ ਹੈ। AMAZON, FLIPKART ਆਦਿ ਆਮ ਵਰਤੀਆਂ ਜਾਣ ਵਾਲੀਆਂ ਈ-ਕਾਮਰਸ ਸਾਈਟਾਂ ਹਨ ਜਿਹਨਾਂ ਦੀ ਵਰਤੋਂ ਕਰਦੇ ਹੋਏ ਅਸੀਂ ਆਨਲਾਈਨ ਸ਼ਾਪਿੰਗ ਕਰ ਸਕਦੇ ਹਾਂ।

**ਪ੍ਰ:5 ਨੈਟ ਬੈਂਕਿੰਗ ਦੀ ਵਿਆਖਿਆ ਕਰੋ।**

ੳ: ਨੈਟ-ਬੈਂਕਿੰਗ ਨੂੰ ਆਨਲਾਈਨ ਬੈਂਕਿੰਗ ਵੀ ਕਿਹਾ ਜਾਂਦਾ ਹੈ। ਨੈਟਬੈਂਕਿੰਗ ਨੇ ਬੈਂਕਾਂ ਦੇ ਕੰਮਕਾਜ ਕਰਨ ਦਾ ਤਰੀਕਾ ਪੂਰੀ ਤਰ੍ਹਾਂ ਬਦਲ ਕੇ ਰੱਖ ਦਿਤਾ ਹੈ। ਨੈਟਬੈਂਕਿੰਗ ਨਾਲ ਅਸੀਂ ਬੈਂਕਾਂ ਨਾਲ ਸੰਬੰਧਤ ਕੰਮਕਾਜ ਇੰਟਰਨੈਟ ਦੀ ਵਰਤੋਂ ਕਰਦੇ ਹੋਏ ਘਰ ਬੈਠੇ ਹੀ ਕਰ ਸਕਦੇ ਹਾਂ। ਨੈਟ ਬੈਂਕਿੰਗ ਦੀ ਵਰਤੋਂ ਨਾਲ ਕੀਤੇ ਜਾਣ ਵਾਲੇ ਕੁੱਝ ਮੁੱਖ ਕੰਮ ਇਸ ਪ੍ਰਕਾਰ ਹਨ:

- ਅਸੀਂ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।
- ਬਿਜਲੀ ਆਦਿ ਦਾ ਬਿੱਲ ਭਰ ਸਕਦੇ ਹਾਂ।
- ਆਪਣੇ ਖਾਤੇ ਵਿਚੋਂ ਕਿਸੇ ਹੋਰ ਵਿਅਕਤੀ ਦੇ ਖਾਤੇ ਵਿਚ ਪੈਸੇ ਟ੍ਰਾਂਸਫਰ ਕਰ ਸਕਦੇ ਹਾਂ

ਇੰਟਰਨੈਟ ਬੈਂਕਿੰਗ ਦੀ ਸੁਵਿਧਾ ਪ੍ਰਦਾਨ ਕਰਨ ਵਾਲੇ ਬੈਂਕਾਂ ਨੂੰ ਵਰਚੂਅਲ ਬੈਂਕ, ਸਾਈਬਰ ਬੈਂਕ ਜਾਂ ਵੈਬ ਬੈਂਕ ਵੀ ਕਿਹਾ ਜਾਂਦਾ ਹੈ।